# ਜਗ੍ਹਾ, ਜਗ੍ਹਾ, ਜਗ੍ਹਾ
# ਆਪਣੇ ਲਈ ਖਰੀਦਣ ਲਈ ਘਰ ਕਿਵੇਂ ਲੱਭਿਆ ਜਾਵੇ



ਕੈਨੇਡਾ ਵਿਚ ਇਕ ਪੁਰਾਣੀ ਕਹਾਵਤ ਹੈ ਕਿ ਘਰ ਚੁਣਨ ਲਈ ਤਿੰਨ ਮਹੱਤਵਪੂਰਨ ਚੀਜ਼ਾਂ ਹਨ: ਜਗ੍ਹਾ, ਜਗ੍ਹਾ, ਜਗ੍ਹਾ! ਜਦਕਿ ਇਹ ਮਜ਼ਾਕ ਦੇ ਤੌਰ 'ਤੇ ਕਿਹਾ ਗਿਆ ਹੈ, ਪਰ ਇਹ ਵੀ ਸੱਚ ਹੈ ਕਿ ਘਰ ਨੂੰ ਖਰੀਦਦੇ ਸਮੇਂ ਜਿਹੜੀ ਸਭ ਤੋਂ ਮਹੱਤਵਪੂਰਨ ਗੱਲ ਵੇਖਣੀ ਚਾਹੀਦੀ ਹੈ, ਉਹ ਹੈ ਭਾਈਚਾਰਾ (ਕਮਿਊਨਿਟੀ), ਜਿੱਥੇ ਤੁਸੀਂ ਸੁਰੱਖਿਅਤ ਅਤੇ ਆਰਾਮਦਾਇਕ ਮਹਿਸੂਸ ਕਰੋਗੇ ਅਤੇ ਜਿੱਥੇ ਰਹਿਣਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਲਈ ਸੌਖਾ ਹੈ।

ਤੁਹਾਡਾ ਖੁਦ ਦਾ ਘਰ ਲੱਭਣ ਵਿਚ ਤੁਹਾਡੀ ਮਦਦ ਕਰਨ ਲਈ Mortgage and Housing Corporation (CMHC) ਤੁਹਾਨੂੰ ਇਸ ਬਾਰੇ ਹੇਠ ਲਿਖੀ ਸਲਾਹ ਦਿੰਦੀ ਹੈ ਕਿ ਉਹ ਥਾਂ ਕਿਸ ਤਰ੍ਹਾਂ ਚੁਣੀ ਜਾਵੇ ਜੋ ਤੁਹਾਡੇ ਲਈ ਠੀਕ ਹੈ:

ਤੁਸੀਂ ਕਿੱਥੇ ਰਹਿਣਾ ਚਾਹੁੰਦੇ ਹੋ ਸਬੰਧੀ ਤੁਹਾਡੀ ਪਸੰਦ ਅਕਸਰ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੱਥੇ ਕੰਮ ਕਰਦੇ ਹੋ ਅਤੇ ਤੁਸੀਂ ਅਤੇ ਤੁਹਾਡਾ ਪਰਿਵਾਰ ਕਿਸ ਤਰ੍ਹਾਂ ਰਹਿਣਾ ਚਾਹੁੰਦੇ ਹੋ। ਜੇ ਤੁਸੀਂ ਘਰ ਤੋਂ ਆਉਣ-ਜਾਣ ਲਈ ਗੱਡੀ ਚਲਾਉਣ ਵਿਚ ਜ਼ਿਆਦਾ ਸਮਾਂ ਨਹੀਂ ਲਗਾਉਣਾ ਚਾਹੁੰਦੇ, ਉਦਾਹਰਣ ਵਜੋਂ ਤੁਸੀਂ ਉਹ ਥਾਂ ਲੈਣੀ ਚਾਹ ਸਕਦੇ ਹੋ ਜੋ ਤੁਹਾਡੇ ਕੰਮ ਵਾਲੀ ਥਾਂ ਦੇ ਨਜ਼ਦੀਕ ਹੈ, ਜਾਂ ਜਿੱਥੇ ਜਨਤਕ ਆਵਾਜਾਈ ਲਈ ਨਜ਼ਦੀਕ ਹੀ ਕਈ ਵਿਕਲਪ ਹਨ।

ਜੇ ਤੁਹਾਡੇ ਬੱਚੇ ਹਨ ਤਾਂ ਅਜਿਹੇ ਇਲਾਕੇ ਨੂੰ ਲੱਭੋ, ਜੋ ਚੰਗੇ ਸਕੂਲ ਦੇ ਨਜ਼ਦੀਕ ਹਨ। ਜੇ ਤੁਹਾਡਾ ਪਰਿਵਾਰ ਕਿਰਿਆਸ਼ੀਲ ਹੈ,ਤਾਂ ਤੁਸੀਂ ਮਨੋਰੰਜਨ ਦੀਆਂ ਸੁਵਿਧਾਂਵਾਂ ਵਾਲੀਆਂ ਥਾਂਵਾਂ ਦੇ ਨਜ਼ਦੀਕ ਰਹਿਣਾ ਚਾਹ ਸਕਦੇ ਹੋ ਜਿਵੇਂ ਕਿ ਗੌਲਫ਼ ਕੋਰਸ, ਭਾਈਚਾਰਕ ਕੇਂਦਰ, ਖੇਡ ਦਾ ਮੈਦਾਨ ਜਾਂ ਪਬਲਿਕ ਸਕੇਟਿੰਗ ਰਿੰਕ।

ਜੇ ਤੁਹਾਡੇ ਕੋਲ ਕਾਰ ਨਹੀਂ ਹੈ ਤਾਂ ਇਹ ਯਕੀਨੀ ਬਣਾਉ ਕਿ ਤੁਹਾਡੇ ਦੁਆਰਾ ਚੁਣੇ ਗਏ ਇਲਾਕੇ ਵਿਚ ਤੁਹਾਡੀ ਜ਼ਰੂਰਤ ਦੀਆਂ ਜ਼ਿਆਦਾਤਰ ਸੇਵਾਵਾਂ ਹੋਣ ਜਿਨ੍ਹਾਂ ਦੀ ਤੁਹਾਨੂੰ ਲੋੜ ਹੋਵੇਗੀ। ਉਦਾਹਰਣ ਵਜੋਂ, ਕੀ ਤੁਸੀਂ ਸਿਹਤ ਅਤੇ ਦੰਦਾਂ ਦੀ ਸੰਭਾਲ ਦੇ ਡਾਕਟਰ ਦੇ ਨਜ਼ਦੀਕ ਹੋਵੋਗੇ? ਕੀ ਤੁਹਾਡੇ ਧਾਰਮਿਕ ਵਿਸ਼ਵਾਸ ਅਨੁਸਾਰ ਪ੍ਰਾਥਨਾ ਦਾ ਸਥਾਨ ਤੁਹਾਡੇ ਨਜ਼ਦੀਕ ਹੈ? ਕੀ ਤੁਸੀਂ ਆਪਣੀ ਖਰੀਦਾਰੀ ਕਰਨ ਲਈ ਸਟੋਰ ਤੱਕ ਚੱਲ ਕੇ ਜਾ ਸਕਦੇ ਹੋ? ਕੀ ਉੱਥੇ ਜਨਤਕ ਆਵਾਜਾਈ ਜਾਂਦੀ ਹੈ ਅਤੇ ਕੀ ਇਹ ਤੁਹਾਨੂੰ ਉੱਥੇ ਲੈ ਜਾਂਦੀ ਹੈ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ?

ਜਦੋਂ ਤੁਸੀਂ ਸਥਾਨ ਬਾਰੇ ਵਿਚਾਰ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਇਲਾਕੇ ਵਿਚਲੀਆਂ ਸੰਪਤੀਆਂ ਦੇ ਮੁੱਲ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ। ਸੰਪਤੀ ਦੇ ਮੁੱਲ ਉਸ ਖੇਤਰ ਵਿਚਲੇ ਘਰਾਂ ਦੀਆਂ ਕੀਮਤਾਂ ਦਾ ਔਸਤ ਹੁੰਦਾ ਹੈ। ਬਹੁਤੀ ਵਾਰ, ਉਨ੍ਹਾਂ ਗੁਆਂਢਾਂ ਵਿਚ ਘਰ ਖਰੀਦਣਾ ਚੰਗਾ ਹੁੰਦਾ ਹੈ ਜਿੱਥੇ ਘਰਾਂ ਦੀਆਂ ਕੀਮਤਾਂ ਘੱਟਣ ਦੀ ਥਾਂ ਤੇ ਵੱਧ ਰਹੀਆਂ ਹਨ।

ਇਹ ਜਾਣਨਾ ਵੀ ਚੰਗਾ ਵਿਚਾਰ ਹੈ ਕਿ, ਕੀ ਭਵਿੱਖ ਦੇ ਵਿਕਾਸ ਕਾਰਜ ਜੋ ਘਰਾਂ ਦੀਆਂ ਕੀਮਤਾਂ ਜਾਂ ਸੰਪਤੀ ਕਰਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਬਾਰੇ ਯੋਜਨਾ ਬਣਾਈ ਗਈ ਹੈ। ਜਿਵੇਂ ਕਿ ਹੋ ਸਕਦਾ ਹੈ ਕਿ ਤੁਸੀਂ ਇਕ ਸ਼ਾਂਤ, ਬਿਨਾਂ ਸ਼ੋਰ ਵਾਲੇ ਭਾਈਚਾਰੇ ਵਿਚ ਸ਼ਾਇਦ ਆਪਣੇ ਸੁਪਨਿਆਂ ਦਾ ਘਰ ਨਹੀਂ ਖਰੀਦੋਗੇ ਅਗਰ ਉਸ ਦੇ ਨਜ਼ਦੀਕ ਹੀ ਉੱਚੀ ਇਮਾਰਤ ਵਾਲੇ ਅਪਾਰਟਮੈਂਟ ਬਣਾਏ ਜਾਣ ਦੀ ਯੋਜਨਾ ਹੈ। ਆਪਣੇ ਮਿਊਂਸੀਪਲ ਦਫ਼ਤਰ ਨੂੰ ਸੰਪਰਕ ਕਰੋ ਅਤੇ ਉਸ ਕਿਸੇ ਵੀ ਖੇਤਰ ਜਿਸ ਵਿਚ ਤੁਸੀਂ ਦਿਲਚਸਪ ਹੋ, ਵਿਚ ਯੋਜਨਾਬੰਦੀ ਦੇ ਕਨੂੰਨਾਂ ਅਤੇ ਜ਼ੋਨਿੰਗ ਦੇ ਕਨੂੰਨਾਂ ਬਾਰੇ ਪੁੱਛੋ।

ਜੇ ਤੁਸੀਂ ਇਕ ਅਜਿਹੇ ਖੇਤਰ ਵਿਚ ਜਾ ਰਹੇ ਹੋ, ਜਿਸਦੇ ਬਾਰੇ ਤੁਸੀਂ ਜ਼ਿਆਦਾ ਨਹੀਂ ਜਾਣਦੇ, ਤਾਂ ਇਲਾਕੇ ਦੇ ਆਸ ਪਾਸ, ਦਿਨ ਅਤੇ ਰਾਤ ਦੋਵੇਂ ਸਮੇਂ, ਕਾਰ ਵਿਚ ਘੁੰਮਣ ਜਾਂ ਪੈਦਲ ਘੁੰਮਣ ਲਈ ਕੁਝ ਸਮਾਂ ਕੱਢੋ। ਸਕੂਲਾਂ ਅਤੇ ਹੋਰ ਸਥਾਨਕ ਸੇਵਾਵਾਂ ਨੂੰ ਧਿਆਨ ਨਾਲ ਵੇਖੋ। ਇਹ ਪਤਾ ਲਗਾਉ ਕਿ ਕਾਰ ਜਾਂ ਜਨਤਕ ਆਵਾਜਾਈ ਸਾਧਨਾਂ ਰਾਹੀਂ ਕੰਮ 'ਤੇ ਜਾਣ ਵਿਚ ਤੁਹਾਨੂੰ ਕਿੰਨਾ ਸਮਾਂ ਲੱਗੇਗਾ।

67384 06-07-11 LOCATION, LOCATION, LOCATION - How to Find a Home of Your Own (Punjabi version)

Canada

CMHC SCHL
HOME TO CANADIANS

ਪੁਰਾਣੇ ਇਲਾਕਿਆਂ ਵਿਚ, ਤੁਹਾਨੂੰ ਨਵੇਂ ਘਰਾਂ ਅਤੇ ਮੁੜ ਵੇਚੇ ਜਾ ਰਹੇ ਘਰਾਂ ਵਿਚ ਚੁਣਨ ਦਾ ਵਿਕਲਪ ਉਪਲਬਧ ਹੋ ਸਕਦਾ ਹੈ। ਨਵੇਂ ਘਰ ਉਹ ਘਰ ਹੁੰਦੇ ਹਨ ਜਿਨ੍ਹਾਂ ਨੂੰ ਹੁਣੇ ਹੀ ਬਣਾਇਆ ਗਿਆ ਹੈ, ਅਤੇ ਜਿਨ੍ਹਾਂ ਵਿਚ ਪਹਿਲਾਂ ਕੋਈ ਨਹੀਂ ਰਿਹਾ ਹੈ। ਮੁੜ ਵੇਚੇ ਜਾਣ ਵਾਲੇ ਘਰ, ਉਹ ਘਰ ਹੁੰਦੇ ਹਨ, ਜਿਨ੍ਹਾਂ ਵਿਚ ਪਹਿਲਾਂ ਇਕ ਜਾਂ ਇਕ ਤੋਂ ਵੱਧ ਪਰਿਵਾਰ ਰਹੇ ਹੁੰਦੇ ਹਨ, ਅਤੇ ਜਿਨ੍ਹਾਂ ਨੂੰ ਮੌਜੂਦਾ ਮਾਲਕਾਂ ਦੁਆਰਾ ਵੇਚਿਆ ਜਾ ਰਿਹਾ ਹੁੰਦਾ ਹੈ। ਦੋਵੇਂ ਕਿਸਮਾਂ ਦੇ ਘਰਾਂ ਦੇ ਫਾਇਦੇ ਅਤੇ ਨੁਕਸਾਨ ਹੁੰਦੇ ਹਨ, ਇਸ ਲਈ ਇਹ ਯਕੀਨੀ ਬਣਾਉ ਕਿ ਤੁਹਾਡੇ ਦੁਆਰਾ ਅੰਤਮ ਨਿਰਣਾ ਲੈਣ ਤੋਂ ਪਹਿਲਾਂ ਤੁਸੀਂ ਇਹ ਨਿਰਣਾ ਲੈ ਸਕਦੇ ਹੋ ਕਿ ਤੁਸੀਂ ਕਿਸ ਤਰ੍ਹਾਂ ਦਾ ਘਰ ਚਾਹੁੰਦੇ ਹੋ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Mortgage and Housing Corporation ਨੂੰ www.cmhc.ca/newcomers ‘ਤੇ ਸੰਪਰਕ ਕਰੋ।